



# ਮੁਫ਼ਤ ਕਾਨੂੰਨੀ ਸੇਵਾਵਾਂ

ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ 1987 ਅਧੀਨ ਜੋ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਸਕੀਮਾਂ ਗਰੀਬ ਵਿਅਕਤੀਆਂ ਲਈ ਉਪਲੱਬਧ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. **ਮੁਫ਼ਤ ਕਾਨੂੰਨੀ ਸਹਾਇਤਾ ਦੀਆਂ ਸਕੀਮਾਂ ਦੇ ਮੁੱਖ ਉਦੇਸ਼**

ਭਾਰਤ ਦੇ ਸੰਵਿਧਾਨ ਦੀ ਧਾਰਾ 39-ਏ ਵਿੱਚ ਉਪਬੰਧ ਕੀਤਾ ਗਿਆ ਹੈ ਕਿ ਰਾਜ ਇਹ ਯਕੀਨੀ ਬਣਾਏਗਾ ਕਿ ਕਾਨੂੰਨੀ ਢਾਂਚਾ ਇਸ ਤਰੀਕੇ ਦੇ ਨਾਲ ਕੰਮ ਕਰੇ ਕਿ ਨਿਆਂ ਬਰਾਬਰੀ ਦੇ ਅਧਾਰ ਤੇ ਪ੍ਰਾਪਤ ਹੋ ਸਕੇ। ਖਾਸ ਤੌਰ ਤੇ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਆਰਥਿਕ ਜਾਂ ਕਿਸੇ ਹੋਰ ਘਾਟ ਕਾਰਨ ਕੋਈ ਨਾਗਰਿਕ ਨਿਆਂ ਪ੍ਰਾਪਤ ਕਰਨ ਦੇ ਮੌਕੇ ਤੋਂ ਵਾਂਝਾ ਨਾ ਰਹਿ ਜਾਵੇ, ਉਪਯੁਕਤ ਵਿਧਾਨ ਜਾਂ ਸਕੀਮ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਮੁਫ਼ਤ ਕਾਨੂੰਨੀ ਸਹਾਇਤਾ ਮੁਹੱਈਆ ਕਰਨ ਦੀ ਵਿਵਸਥਾ ਕਰੇਗਾ।

2. **ਸੰਵਿਧਾਨ ਦੀ ਧਾਰਾ 39-ਏ ਅਧੀਨ**

ਪੰਜਾਬ ਸਰਕਾਰ ਵਲੋਂ ਸਾਲ 1990 ਵਿੱਚ ਪੰਜਾਬ ਸਟੇਟ ਗਰਾਂਟ ਆਫ਼ ਫਰੀ ਲੀਗਲ ਸਰਵਿਸਿਜ਼ ਟੂ ਦਾ ਪੂਅਰਜ਼ ਰੂਲ ਬਣਾਏ ਗਏ ਅਤੇ ਇਸ ਦੇ ਰੂਲ 3 ਅਧੀਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਬੋਰਡ ਦੀ ਸਥਾਪਨਾ ਕੀਤੀ ਗਈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਣਯੋਗ ਜੱਜ ਉਸ ਬੋਰਡ ਦੇ ਕਾਰਜਕਾਰੀ ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਇਸ ਬੋਰਡ ਵਿੱਚ ਹੋਰ ਵੀ ਸਰਕਾਰੀ ਅਤੇ ਗ਼ੈਰ ਸਰਕਾਰੀ ਮੈਂਬਰ ਰੱਖੇ ਗਏ ਹਨ।

ਇਨ੍ਹਾਂ ਨਿਯਮਾਂ ਦੇ ਅਧੀਨ ਰਾਜ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ, ਜਿਸ ਦਾ ਮੁੱਖੀ ਕਾਰਜਕਾਰੀ ਚੇਅਰਮੈਨ ਸੀ। ਇਸੇ ਤਰ੍ਹਾਂ ਹੀ ਹਰੇਕ ਜ਼ਿਲ੍ਹਾ ਸਦਰ ਮੁਕਾਮ ਅਤੇ ਉਪ ਮੰਡਲ ਪੱਧਰ ਤੇ ਵੀ ਕਮੇਟੀਆਂ ਬਣਾਈਆਂ ਗਈਆਂ। ਇਸ ਬੋਰਡ ਅਤੇ ਇਹਨਾਂ ਕਮੇਟੀਆਂ ਦੇ ਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹਨ :-

(ੳ) ਆਮ ਲੋਕਾਂ ਵਿੱਚ ਕਾਨੂੰਨੀ ਸਹਾਇਤਾ ਪ੍ਰੋਗਰਾਮਾਂ ਅਤੇ ਉਹਨਾਂ ਦੇ ਝਗੜਿਆਂ ਦਾ ਆਪਸੀ ਸੁਲਾਹ ਸਫ਼ਾਈ ਨਾਲ ਨਿਪਟਾਰਾ ਕਰਨ ਲਈ ਜਾਣਕਾਰੀ ਵਧਾਉਣੀ।

(ਅ) ਰਾਜ ਦੇ ਸਾਰੇ ਵਸਨੀਕਾਂ ਨੂੰ ਜਿਨ੍ਹਾਂ ਦੀ ਸਲਾਨਾ ਆਮਦਨ 18,000/- ਰੁਪਏ ਤੋਂ ਘੱਟ ਹੈ, ਮੁਫ਼ਤ ਕਾਨੂੰਨੀ ਸਹਾਇਤਾ ਦੇਣਾ।

(ੲ) ਲੋਕ ਅਦਾਲਤਾਂ ਲਗਾਉਣੀਆਂ।

3. ਸੰਨ 1991 ਵਿੱਚ ਕਾਨੂੰਨੀ ਸੇਵਾਵਾਂ ਬੋਰਡ ਦਾ ਵੱਖਰਾ ਡਾਇਰੈਕਟੋਰੇਟ ਕਾਇਮ ਕੀਤਾ ਗਿਆ, ਜਿਸ ਦਾ ਕੰਮ ਲੋੜਵੰਦਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨਾ ਸੀ ਅਤੇ ਪੰਜਾਬ ਭਰ ਵਿੱਚ ਕਾਨੂੰਨੀ ਸਹਾਇਤਾ ਦੀਆਂ ਸਕੀਮਾਂ ਦਾ ਪ੍ਰਚਾਰ ਕਰਨਾ ਸੀ।

4. ਕਾਨੂੰਨੀ ਸੇਵਾਵਾਂ ਅਥਾਰਟੀ ਐਕਟ 1987 ਮਿਤੀ: 9 ਨਵੰਬਰ, 1995 ਨੂੰ ਦੇਸ਼ ਭਰ ਵਿੱਚ ਲਾਗੂ ਹੋਣ ਮਗਰੋਂ ਪੰਜਾਬ ਸਰਕਾਰ ਨੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀਜ਼ ਰੂਲਜ਼ 1996 ਦੀ ਰਚਨਾ ਕੀਤੀ। ਇਸ ਤੋਂ ਬਾਅਦ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀਜ਼ ਦਾ ਗਠਨ ਕੀਤਾ, ਜੋ ਮਿਤੀ 4 ਅਕਤੂਬਰ, 1996 ਨੂੰ ਹੋਂਦ ਵਿੱਚ ਆਈ। ਇਸ ਅਥਾਰਟੀ ਦੇ ਪੈਟਰਨ-ਇਨ-ਚੀਫ਼ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮੁੱਖ ਨਿਆਂਧੀਸ਼ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਮਾਣਯੋਗ ਜੱਜ ਇਸ ਦੇ ਕਾਰਜਕਾਰੀ ਚੇਅਰਮੈਨ ਹਨ। ਜ਼ਿਲ੍ਹਾ ਜੱਜ ਦੇ ਅਹੁਦੇ

ਦੇ ਅਧਿਕਾਰੀ ਇਸ ਦੇ ਮੈਂਬਰ ਸਕੱਤਰ ਹਨ। ਇਸ ਤੋਂ ਇਲਾਵਾ ਇਸ ਅਥਾਰਟੀ ਵਿੱਚ ਪੰਜਾਬ ਸਰਕਾਰ ਦੇ ਉਚ ਅਧਿਕਾਰੀ ਐਕਸ ਅਫ਼ਸਰ ਮੈਂਬਰ ਹਨ। ਪੰਜਾਬ ਦੇ ਸਮਾਜ ਸੇਵਕਾਂ ਅਤੇ ਔਰਤਾਂ ਨੂੰ ਇਸ ਅਥਾਰਟੀ ਵਿੱਚ ਬਤੌਰ ਨਾਮਜ਼ਦ ਮੈਂਬਰ ਰੱਖਿਆ ਗਿਆ ਹੈ। ਜ਼ਿਲ੍ਹਾ ਪੱਧਰ ਤੇ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਜ਼ਿਲ੍ਹਾ ਅਥਾਰਟੀ ਦਾ ਗਠਨ ਕੀਤਾ ਗਿਆ ਹੈ। ਜਿਸ ਦੇ ਚੇਅਰਮੈਨ ਜ਼ਿਲ੍ਹਾ ਤੇ ਸੈਸ਼ਨ ਜੱਜ ਹਨ। ਉਪ ਮੰਡਲ ਪੱਧਰ ਤੇ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਦੇ ਚੇਅਰਮੈਨ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ) ਹਨ।

**ਮੁਫ਼ਤ ਕਾਨੂੰਨੀ ਸਹਾਇਤਾ ਦੀ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦੀ ਯੋਗਤਾ ਅਤੇ ਵਿਧੀ**

ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ ਦੀ ਧਾਰਾ 12 ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਰੂਲਜ਼ 1996 ਦੇ ਨਿਯਮ 22 ਅਨੁਸਾਰ ਹੇਠ ਲਿਖੇ ਵਿਅਕਤੀ ਮੁਫ਼ਤ ਕਾਨੂੰਨੀ ਸੇਵਾਵਾਂ ਦੇ ਹੱਕਦਾਰ ਹਨ :-

1. ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਮੈਂਬਰ
2. ਬੇਗਾਰ ਦਾ ਮਾਰਿਆ
3. ਇਸਤਰੀ/ਬੱਚਾ
4. ਮਾਨਸਿਕ ਰੋਗੀ/ਅਪੰਗ
5. ਵੱਡੀ ਮੁਸੀਬਤ ਦਾ ਮਾਰਿਆ
6. ਉਦਯੋਗਿਕ ਕਾਮੇ
7. ਹਿਰਾਸਤ ਵਿੱਚ ਕੋਈ ਵੀ ਵਿਅਕਤੀ
8. ਕੋਈ ਐਸਾ ਵਿਅਕਤੀ ਜਿਸ ਦੀ ਸਲਾਨਾ ਆਮਦਨ 30,000/- ਰੁਪਏ ਤੋਂ ਘੱਟ ਹੋਵੇ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਹਿਰਾਸਤ ਦਾ ਹਰੇਕ ਵਿਅਕਤੀ ਸਰਕਾਰ ਤੋਂ ਮੁਫ਼ਤ ਕਾਨੂੰਨੀ ਸੇਵਾਵਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ। ਇਸ ਤੋਂ ਪਹਿਲਾਂ ਅਜਿਹੀਆਂ ਸੇਵਾਵਾਂ ਹਿਰਾਸਤ ਵਾਲੇ ਵਿਅਕਤੀ ਨੂੰ ਆਮ ਤੌਰ ਤੇ ਅਦਾਲਤ ਵਿੱਚ ਚਲਾਨ ਪੇਸ਼ ਹੋਣ ਤੋਂ ਬਾਅਦ ਦਿੱਤੀਆਂ ਜਾਂਦੀਆ ਸਨ। ਪਰ ਮੁਫ਼ਤ ਕਾਨੂੰਨੀ ਸੇਵਾਵਾਂ ਦੇਣ ਦੀ ਸਰਕਾਰ ਦੀ ਇਹ ਜ਼ਿੰਮੇਂਵਾਰੀ ਉਦੋਂ ਹੀ ਬਣ ਜਾਂਦੀ ਹੈ, ਜਦੋਂ ਹਿਰਾਸਤ ਵਿੱਚ ਲਏ ਕਿਸੇ ਵਿਅਕਤੀ ਨੂੰ ਮੈਜਿਸਟਰੇਟ ਦੇ ਸਾਹਮਣੇ ਪਹਿਲੀ ਵਾਰ ਪੇਸ਼ ਕੀਤਾ ਜਾਂਦਾ ਹੈ। ਹਿਰਾਸਤ ਅਧੀਨ ਵਿਅਕਤੀਆਂ ਨੂੰ ਮੁਢ ਤੋਂ ਹੀ ਕਾਨੂੰਨੀ ਸੇਵਾਵਾਂ ਯਕੀਨੀ ਬਨਾਉਣ ਦੇ ਮੰਤਵ ਵਜੋਂ ਮਾਣਯੋਗ ਡਾਕਟਰ ਜਸਟਿਸ ਏ.ਐਸ. ਆਨੰਦ, ਜੋ ਹੁਣ ਭਾਰਤ ਦੇ ਮੁੱਖ ਨਿਆਂਧੀਸ਼ ਹਨ, ਨੇ ਇਸ ਤੋਂ ਪਹਿਲਾਂ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਦੀ ਹੈਸੀਅਤ ਵਜੋਂ ਕਾਨੂੰਨੀ ਸਹਾਇਤਾ ਵਕੀਲ ਸਕੀਮ ਤਿਆਰ ਕੀਤੀ। ਇਸ ਅਨੁਸਾਰ ਹਰੇਕ ਉਹ ਵਿਅਕਤੀ, ਜਿਸ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ, ਉਦੋਂ ਤੋਂ ਹੀ ਕਾਨੂੰਨੀ ਸੇਵਾਵਾਂ ਦਾ ਹੱਕਦਾਰ ਹੈ, ਜਦੋਂ ਉਸ ਨੂੰ ਪਹਿਲੀ ਵਾਰ ਰਿਮਾਂਡ ਹਾਸਲ ਕਰਨ ਲਈ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ ਹੈ। ਅਜਿਹੇ ਕਾਨੂੰਨੀ ਸਹਾਇਤਾ ਵਕੀਲ ਦਾ ਇਹ ਫਰਜ਼ ਹੈ ਕਿ ਉਹ ਅਜਿਹੇ ਹਿਰਾਸਤ ਅਧੀਨ ਵਿਅਕਤੀ ਵਿਰੁੱਧ ਰਿਮਾਂਡ ਦੀਆਂ ਦਰਖ਼ਾਸਤਾਂ ਦਾ ਵਿਰੋਧ ਕਰੇ ਅਤੇ ਜ਼ਮਾਨਤ ਦੇ ਹੁਕਮ ਪ੍ਰਾਪਤ ਕਰਨ ਲਈ ਜ਼ਰੂਰੀ ਦਰਖ਼ਾਸਤਾਂ ਅਦਾਲਤ ਵਿੱਚ ਪੇਸ਼ ਕਰੇ। ਹੋਰ ਲੋੜੀਂਦੀਆਂ ਫੁੱਟਕਲ ਦਰਖ਼ਾਸਤਾਂ ਪੇਸ਼ ਕਰੇ ਅਤੇ ਉਹਨਾਂ ਦੀ ਪੈਰਵੀ ਕਰੇ। ਅਜਿਹੇ ਕਾਨੂੰਨੀ ਸਹਾਇਤਾ ਵਕੀਲ ਅਦਾਲਤ ਵਿੱਚ ਰਿਮਾਂਡ ਵੇਲੇ ਹਾਜ਼ਰ ਹੁੰਦੇ ਹਨ ਤਾਂ ਕਿ ਹਿਰਾਸਤ ਅਧੀਨ ਵਿਅਕਤੀ ਦੀ ਪੈਰਵੀ ਕਰ ਸਕਣ। ਇਹ ਸਕੀਮ ਸਮੁੱਚੇ ਪੰਜਾਬ ਵਿੱਚ 1 ਅਗਸਤ 1968 ਤੋਂ ਲਾਗੂ ਹੋਈ ਹੈ, ਜਦੋਂ ਮਾਣਯੋਗ ਮਿਸਟਰ ਜਸਟਿਸ ਐਚ.ਐਸ. ਬਰਾੜ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਕਾਰਜਕਾਰੀ ਚੇਅਰਮੈਨ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਇਸ ਸਕੀਮ ਦਾ ਉਦਘਾਟਨ ਬਠਿੰਡਾ ਵਿਖੇ ਕੀਤਾ। ਪੰਜਾਬ ਭਰ ਵਿੱਚ ਜੁਡੀਸ਼ੀਅਲ ਮੈਜਿਸਟਰੇਟਾਂ ਦੀਆਂ ਅਦਾਲਤਾਂ ਵਿੱਚ ਕਾਨੂੰਨੀ ਸਹਾਇਤਾ ਵਕੀਲ ਲਗਾਏ ਜਾ ਚੁੱਕੇ ਹਨ। ਇਹ ਇੱਕ ਸਮਾਜ ਭਲਾਈ ਦੀ ਵੱਡੀ ਸਕੀਮ ਹੈ, ਜਿਸ ਨਾਲ ਹਿਰਾਸਤ ਵਿੱਚ ਲਏ ਹਰ ਵਿਅਕਤੀ ਨੂੰ ਕਾਨੂੰਨ ਅਨੁਸਾਰ ਇਨਸਾਫ਼ ਯਕੀਨੀ ਬਣਾਇਆ ਜਾਵੇਗਾ।

**ਮੁਫ਼ਤ ਕਾਨੂੰਨੀ ਸੇਵਾਵਾਂ ਪ੍ਰਾਪਤ ਕਰਨ ਦੀ ਵਿਧੀ**

ਗ਼ਰੀਬ ਅਤੇ ਲੋੜਵੰਦ ਵਿਅਕਤੀ ਵਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਪ੍ਰਾਪਤ ਕਰਨ ਦੀ ਵਿਧੀ ਬਹੁਤ ਅਸਾਨ ਹੈ। ਇਸ ਮੰਤਵ ਲਈ ਸਟੇਟ ਅਥਾਰਟੀ ਦੇ ਮੈਂਬਰ ਸਕੱਤਰ ਜਾਂ ਸੰਬੰਧਤ ਜ਼ਿਲ੍ਹਾ ਅਥਾਰਟੀ ਦੇ ਚੇਅਰਮੈਨ ਜਾਂ ਉਪ ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਦੇ ਚੇਅਰਮੈਨ ਨੂੰ ਨਿਰਧਾਰਤ ਫਾਰਮ ਤੇ ਦਸਤਖ਼ਤ ਸਮੇਂ ਬਿਆਨ ਹਲਫ਼ੀਆ ਦੇਣਾ ਲੋੜੀਂਦਾ ਹੈ। ਇਹ ਫਾਰਮ ਉਕਤ ਦਫ਼ਤਰਾਂ ਅਤੇ ਸਹਾਇਕ ਜ਼ਿਲ੍ਹਾ ਅਟਾਰਨੀ (ਕਾਨੂੰਨੀ ਸੇਵਾਵਾਂ) ਦੇ ਜ਼ਿਲ੍ਹਾ ਸਦਰ ਮੁਕਾਮਾਂ ਦੇ ਦਫ਼ਤਰਾਂ ਤੋਂ ਮੁਫ਼ਤ ਮਿਲਦੇ ਹਨ। ਇਨ੍ਹਾਂ ਦੇ ਨਮੂਨੇ ਹਰੇਕ ਜ਼ਿਲ੍ਹੇ ਵਿੱਚ ਉਪਲੱਬਧ ਹਨ।

**ਮੁਫ਼ਤ ਕਾਨੂੰਨੀ ਸਹਾਇਤਾ ਦੇ ਅਧੀਨ ਕਿਸ ਤਰ੍ਹਾਂ ਦੇ ਲਾਭ ਦਿੱਤੇ ਜਾਂਦੇ ਹਨ**

ਗ਼ਰੀਬ ਅਤੇ ਲੋੜਵੰਦ ਵਿਅਕਤੀਆਂ ਨੂੰ ਹੇਠ ਲਿਖੇ ਤਰੀਕਿਆਂ ਨਾਲ ਸਰਕਾਰ ਦੇ ਖ਼ਰਚ ਤੇ ਕਾਨੂੰਨੀ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ :-

(ੳ) ਕੋਰਟ ਫੀਸ, ਤਲਬਾਨਾ ਫੀਸ, ਗਵਾਹਾਂ ਦੇ ਖਰਚੇ, ਕੇਸ ਦੀ ਤਿਆਰੀ ਅਤੇ ਕਾਨੂੰਨੀ ਚਾਰਾਜੋਈ ਦੇ ਸਬੰਧ ਵਿੱਚ ਆਉਣ ਵਾਲੇ ਸਾਰੇ ਖਰਚਿਆਂ ਦੀ ਅਦਾਇਗੀ ਦੁਆਰਾ।

(ਅ) ਕਾਨੂੰਨੀ ਕਾਰਵਾਈ ਵਿੱਚ ਵਕੀਲ ਦੀ ਨਿਯੁਕਤੀ ਰਾਹੀਂ।

(ੲ) ਫੈਸਲੇ, ਹੁਕਮਾਂ, ਨੋਟ, ਗਵਾਹੀਆਂ ਅਤੇ ਕਾਨੂੰਨੀ ਕਾਰਵਾਈ ਲਈ ਸ਼ਾਮਲ ਹੋਰ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਨਕਲਾਂ ਦੀ ਸਪਲਾਈ ਦੁਆਰਾ।

(ਸ) ਕਾਨੂੰਨੀ ਦਸਤਾਵੇਜ਼ਾਂ ਦੀ ਡਰਾਫਟਿੰਗ ਦੁਆਰਾ।

(ਹ) ਅਪੀਲ ਤਿਆਰ ਕਰਨ, ਸਮੇਤ ਪ੍ਰਿੰਟਿੰਗ, ਟਾਈਪ ਅਤੇ ਕਾਨੂੰਨੀ ਕਾਰਵਾਈ ਵਿੱਚ ਸ਼ਾਮਲ ਦਸਤਾਵੇਜ਼ਾਂ ਦਾ ਤਰਜਮਾ ਕਰਨ ਦੁਆਰਾ।

(ਕ) ਕਿਸੇ ਵੀ ਕਾਨੂੰਨੀ ਮਾਮਲੇ ਵਿੱਚ ਕਾਨੂੰਨੀ ਸਲਾਹ ਦੇਣਾ।

(ਖ) ਪਰਿਵਾਰਿਕ ਸਲਾਹਕਾਰ ਕੇਂਦਰਾਂ ਦੇ ਰਾਜੀਨਾਮੇ ਕੇਂਦਰਾਂ ਰਾਹੀਂ।